ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ: 0172- 2623207, 2620106**
**ਫੈਕਸ:0172-2624687, ਈ-ਮੇਲ: ssa.punjab@yahoo.com**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਪੰਜਾਬ।

ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ/72540-79

ਮਿਤੀ: ਚੰਡੀਗੜ੍ਹ 17.01.2012

**ਵਿਸ਼ਾ:-** **ਜਨਵਰੀ, 2012 ਦੇ ਬਾਈ ਮੰਥਲੀ ਮੁਲਾਂਕਣ ਦੀ ਬਦਲੀ ਹੋਈ ਡੇਟਸ਼ੀਟ ਬਾਰੇ।**

**ਹਵਾਲਾ:** **ਇਸ ਦਫ਼ਤਰ ਵਲੋਂ ਭੇਜਿਆ ਪੱਤਰ ਨੰ.** 50/ਸ.ਸ.ਅ/ਪੈਡਾਗੋਜ਼ੀ/595-634, **ਮਿਤੀ:** 12.01.2012

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਵੱਲ ਉਚੇਚਾ ਧਿਆਨ ਦਿੱਤਾ ਜਾਵੇ ਜੀ।

2.0 ਲਗਾਤਾਰ ਅਤੇ ਸਮੁੱਚਾ ਮੁਲਾਂਕਣ ਸ਼ੁਰੂ ਹੋਣ ਕਾਰਨ ਪੰਜਾਬ ਦੇ ਸਮੂਹ ਸਕੂਲਾਂ ਵਿੱਚ ਜਨਵਰੀ, 2012 ਦੇ ਬਾਈ ਮੰਥਲੀ ਮੁਲਾਂਕਣ ਹਿਤ ਸਮਾਂ ਸਾਰਨੀ ਭੇਜੀ ਗਈ ਸੀ।

3.0 ਚੋਣ ਰਿਹਰਸਲਾਂ ਕਾਰਨ ਮੁਲਾਂਕਣ ਸਮਾਂ ਅੱਗੇ ਪਾਇਆ ਜਾ ਰਿਹਾ ਹੈ ਜਿਸ ਦੀ ਨਵੀਂ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੋਵੇਗੀ:

| **ਲੜੀ ਨੰ.** | **ਜਮਾਤ** | **ਵਿਸ਼ਾ** | **ਮਿਤੀ** | **ਸਮਾਂ** |
|---|---|---|---|---|
| 1 | ਚੌਥੀ ਅਤੇ ਪੰਜਵੀਂ | ਗਣਿਤ | 01.02.2012 | 1.20 ਤੋਂ 2.00 |
| | | ਪੰਜਾਬੀ | 02.02.2012 | ,, |
| | | ਹਿੰਦੀ | 03.02.2012 | ,, |
| | | ਵਾਤਾਵਰਨ ਸਿੱਖਿਆ | 04.02.2012 | ,, |
| | | ਅੰਗਰੇਜ਼ੀ | 06.02.2012 | ,, |
| 2 | ਛੇਵੀਂ ਤੋਂ ਅੱਠਵੀਂ | ਗਣਿਤ | 01.02.2012 | 9.30 ਤੋਂ 10.10 |
| | | ਪੰਜਾਬੀ | 02.02..2012 | ,, |
| | | ਹਿੰਦੀ | 03.02.2012 | ,, |
| | | ਸਮਾਜਿਕ ਸਿੱਖਿਆ | 04.02.2012 | ,, |
| | | ਵਿਗਿਆਨ | 06.02.2012 | ,, |
| | | ਅੰਗਰੇਜ਼ੀ | 08.02.2012 | ,, |

4.0 ਫਰਵਰੀ 2012 ਦਾ ਸਿਲੇਬਸ ਰੁਟੀਨ ਵਿੱਚ ਪੂਰਾ ਕਰਕੇ ਅਧਿਆਪਕ ਇਸ ਮਹੀਨੇ ਦਾ ਮੁਲਾਂਕਣ ਆਪਣੀ ਸੁਵਿਧਾ ਅਨੁਸਾਰ ਕਰਨਗੇ।

5.0 ਸਰੀਰਕ ਸਿੱਖਿਆ, ਕੰਪਿਊਟਰ ਅਤੇ ਡਰਾਇੰਗ ਦਾ ਮੁਲਾਂਕਣ ਟੂਲ ਅਧਿਆਪਕ ਖੁਦ ਤਿਆਰ ਕਰਨਗੇ।

6.0 ਛੇਵੀਂ ਤੋਂ ਅੱਠਵੀਂ ਤੱਕ ਦਾ ਮੁਲਾਂਕਣ ਜ਼ੀਰੋ ਪੀਰੀਅਡ ਵਿੱਚ ਹੋਵੇਗਾ।

7.0 ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਜਮਾਤਾਂ ਦੇ ਮੁਲਾਂਕਣ ਟੂਲ ਜਿਲ੍ਹਿਆਂ ਨੂੰ ਪਹੁੰਚਾਏ ਜਾ ਰਹੇ ਹਨ। ਇਹਨਾਂ ਟੂਲਜ਼ ਦੀ ਗੁਪਤਤਾ ਬਣਾਈ ਰੱਖਣ ਅਤੇ ਹੋਰ ਸਾਰੇ ਤਰ੍ਹਾਂ ਦੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸਬੰਧਤ ਬੀ.ਪੀ.ਈ.ਓ, ਜਿਲ੍ਹਾ ਸਿੱਖਿਆ ਅਧਿਕਾਰੀਆਂ ਅਤੇ ਸਕੂਲ ਮੁਖੀਆਂ ਦੀ ਹੋਵੇਗੀ। ਜੇਕਰ ਇਹਨਾਂ ਟੂਲਜ਼ ਦੀ ਗੁਪਤਤਾ ਕਿਸੇ ਵੀ ਤਰੀਕੇ ਨਾਲ ਭੰਗ ਹੁੰਦੀ ਹੈ ਤਾਂ ਇਸ ਲਈ ਸਬੰਧਤ ਬੀ.ਪੀ.ਈ.ਓ, ਜਿਲ੍ਹਾ ਸਿੱਖਿਆ ਅਫ਼ਸਰ ਸਾਹਿਬਾਨ ਅਤੇ ਸਕੂਲ ਮੁਖੀ ਜ਼ਿੰਮੇਵਾਰ ਹੋਣਗੇ।

8.0 ਮੁਲਾਂਕਣ ਦਾ ਸਮੁੱਚਾ ਕੰਮ ਸੁਚਾਰੂ ਰੂਪ ਵਿੱਚ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਸਬੰਧਤ ਜਿਲ੍ਹਾ ਅਧਿਕਾਰੀ, ਬੀ.ਪੀ.ਈ.ਓ ਅਤੇ ਸਕੂਲ ਮੁਖੀ ਦੀ ਹੋਵੇਗੀ।

9.0 ਮੁਲਾਂਕਣ ਟੂਲ ਸਕੂਲਾਂ ਤੱਕ ਸਮੇਂ ਸਿਰ ਪਹੁੰਚਾਉਣ ਦੀ ਜ਼ਿੰਮਵਾਰੀ ਟੈਕਸਟ ਬੁਕ ਕੋਆਰਡੀਨੇਟਰ ਦੀ ਹੋਵੇਗੀ। ਜੇਕਰ ਕਿਸੇ ਵੀ ਪੱਧਰ ਤੇ ਇਸ ਕੰਮ ਵਿੱਚ ਕੋਈ ਕੁਤਾਹੀ ਹੁੰਦੀ ਹੈ ਤਾਂ ਇਸ ਲਈ ਸਬੰਧਤ ਅਧਿਕਾਰੀ ਅਤੇ ਕਰਮਚਾਰੀ ਜ਼ਿੰਮੇਵਾਰ ਹੋਵੇਗਾ ਅਤੇ ਉਸ ਖਿਲਾਫ਼ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਤਾਰਾ** : ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

1. ਡੀ.ਐਮ. (ਐਮ.ਆਈ.ਐੱਸ), ਵੈੱਬ ਸਾਈਟ ਲਈ
2. ਏ.ਐੱਸ.ਪੀ.ਡੀ (ਮੀਡੀਆ)